Australian Government
Department of Social Services

# ਔਰਤ ਦਾ ਜਣਨ ਅੰਗ ਭੰਗ ਕਰਨਾ ਜਾਂ ਕੱਟਣਾ

## ਔਰਤ ਦਾ ਜਣਨ ਅੰਗ ਭੰਗ ਕਰਨ ਜਾਂ ਕੱਟਣ ਤੋਂ ਕੀ ਭਾਵ ਹੈ ?

ਬਗੈਰ ਕਿਸੇ ਡਾਕਟਰੀ ਕਾਰਨ ਤੋਂ ਜਾਣ ਬੁੱਝ ਕੇ ਔਰਤ ਦਾ ਜਣਨ ਅੰਗ ਭੰਗ ਕਰਨਾ, ਕੱਟਣਾ ਜਾਂ ਰੂਪਾਂਤਰ ਕਰਨਾ। ਇਹਦੇ ਕਈ ਨਾਮ ਹਨ ਜਿਵੇਂ ਕੱਟਣਾ, ਔਰਤ ਦੀ ਸੁੰਨਤ ਅਤੇ ਧਾਰਮਿਕ ਰੀਤੀ ਮੁਤਾਬਕ ਮਦੀਨ ਸਰਜਰੀ। ਇਹ ਔਰਤਾਂ ਦੀ ਸਿਹਤ ਲਈ ਹਾਨੀਕਾਰਕ ਹੈ ਅਤੇ ਬੇ-ਲੋੜੀ ਹੈ।

ਜੇ ਤੁਸੀਂ ਜਾਂ ਕੋਈ ਐਸਾ ਵਿਅਕਤੀ ਜਿਸ ਨੂੰ ਤੁਸੀਂ ਜਾਣਦੇ ਹੋ, ਖਤਰੇ ਵਿੱਚ ਹੈ, ਤਾਂ ਪੁਲਿਸ ਨੂੰ **000** 'ਤੇ ਕਾੱਲ ਕਰੋ।

ਅੱਸਟ੍ਰੇਲੀਆ ਵਿੱਚ ਪੁਲਿਸ ਸੁਰੱਖਿਅਤ ਹੈ ਅਤੇ ਤੁਸੀਂ ਉਸ 'ਤੇ ਵਿਸ਼ਵਾਸ ਕਰ ਸਕਦੇ ਹੋ।

ਮੁਫ਼ਤ ਅਤੇ ਗੁਪਤ ਸਲਾਹਕਾਰੀ ਅਤੇ ਜਾਣਕਾਰੀ ਲਈ **1800 737 732** 'ਤੇ 1800RESPECT ਨੂੰ ਸੰਪਰਕ ਕਰੋ।

ਜੇ ਤੁਹਾਨੂੰ ਮੁਫ਼ਤ ਦੁਭਾਸ਼ੀਏ (interpreter) ਦੀ ਜ਼ਰੂਰਤ ਹੈ, ਤਾਂ **131 450** 'ਤੇ ਕਾੱਲ ਕਰੋ।

## ਆਸਟ੍ਰੇਲੀਆ ਵਿੱਚ ਮੈਡੀਕਲ ਸਹਾਇਤਾ ਤੇ ਸਹਿਯੋਗ ਉਪਲਬਧ ਹੈ।

ਜੇ ਤੁਸੀਂ ਉਪਰੋਕਤ ਕਿਸੇ ਕਾਰਵਾਈ ਦਾ ਸ਼ਿਕਾਰ ਹੋਏ ਹੋ ਤਾਂ ਅੱਸਟ੍ਰੇਲੀਆ ਵਿੱਚ ਤੁਸੀਂ ਮੁਫਤ ਸਿਹਤ ਸੰਭਾਲ ਅਤੇ ਸਹਿਯੋਗ ਤੱਕ ਪਹੁੰਚ ਕਰ ਸਕਦੇ ਹੋ। ਡਾਕਟਰ, ਨਰਸਾਂ, ਹੋਰ ਮੈਡੀਕਲ ਪੇਸ਼ੇਵਰ ਤੇ ਸਿਖਿਅਕ ਤੁਹਾਡੀ ਮਦਦ ਕਰ ਸਕਦੇ ਹਨ।

ਜੇ ਬੱਚਾ ਪੈਦਾ ਕਰਨ ਦਾ ਤੁਹਾਡਾ ਵਿਚਾਰ ਹੈ ਤਾਂ ਗਰਭ ਸਮੇਂ ਅਤੇ ਬੱਚਾ ਹੋਣ ਤੇ ਵਧੇਰੇ ਸਹੂਲਤ ਵਾਸਤੇ ਤੁਸੀਂ ਡਾਕਟਰ, ਨਰਸ ਜਾਂ ਮੈਡੀਕਲ ਪੇਸ਼ੇਵਰ ਨਾਲ ਗੱਲ ਕਰਨਾ ਚਾਹ ਸਕਦੇ ਹੋ।

## ਔਰਤ ਦਾ ਜਣਨ ਅੰਗ ਭੰਗ ਕਰਨਾ ਜਾਂ ਕੱਟਣਾ ਆਸਟ੍ਰੇਲੀਆ ਵਿੱਚ ਗੰਭੀਰ ਅਪਰਾਧ ਹੈ।

ਔਰਤ ਦਾ ਜਣਨ ਅੰਗ ਭੰਗ ਕਰਨਾ/ਕੱਟਣਾ ਆਸਟ੍ਰੇਲੀਆ ਵਿੱਚ ਗੈਰ-ਕਾਨੂੰਨੀ ਹੈ। ਅਜਿਹੀ ਕਾਰਵਾਈ ਲਈ ਕਿਸੇ ਨੂੰ ਵਿਦੇਸ਼ ਭੇਜਣਾ, ਜਾਂ ਸਹੂਲਤ ਦੇਣੀ, ਹਮਾਇਤ ਦੇਣੀ ਜਾਂ ਹੋਣ ਦੇਣ ਲਈ ਉਤਸ਼ਾਹਿਤ ਕਰਨਾ, ਇਸੇ ਵਿੱਚ ਸ਼ਾਮਲ ਹੈ।

ਜੋ ਅਜਿਹਾ ਜੁਰਮ ਕਰਦਾ ਹੈ, ਜੇ੍ਹਲ ਜਾ ਸਕਦਾ ਹੈ ਭਾਵੇਂ ਆਦਮੀ ਹੋਵੇ ਜਾਂ ਔਰਤ।

ਜੇ ਅਜਿਹੀ ਕਿਸੇ ਕਾਰਵਾਈ ਦੇ ਤੁਸੀਂ ਸ਼ਿਕਾਰ ਹੋਏ ਹੋ ਤਾਂ ਤੁਹਾਨੂੰ ਮਦਦ ਲੈਣ ਲਈ ਪ੍ਰੇਰਿਆ ਜਾਂਦਾ ਹੈ ਅਤੇ ਆਸਟ੍ਰੇਲੀਅਨ ਕਾਨੂੰਨ ਅਨੁਸਾਰ ਤੁਹਾਨੂੰ ਇਸ ਦੀ ਕੋਈ ਸਜ਼ਾ ਨਹੀਂ ਹੋਵੇਗੀ।

## ਹੋਰ ਵੀ ਸੇਵਾਵਾਂ ਤੇ ਸਾਧਨ ਹਨ ਜਿਥੋਂ ਮਦਦ ਮਿਲ ਸਕਦੀ ਹੈ।

ਤੁਸੀਂ **www.netfa.com.au** ਤੇ **ਔਰਤ ਦੇ ਜਣਨ ਅੰਗ ਭੰਗ ਕਰਨ/ਕੱਟਣ ਬਾਰੇ ਜਾਗਰੂਕਤਾ ਵਾਸਤੇ ਰਾਸ਼ਟਰੀ ਸਿੱਖਿਆ ਟੂਲਕਿੱਟ (National Education Toolkit for Female Genital Mutilation/Cutting Awareness)** ਵੈਬਸਾਈਟ 'ਤੇ ਔਰਤ ਦਾ ਜਣਨ ਅੰਗ ਭੰਗ ਕਰਨ/ਕੱਟਣ ਬਾਰੇ ਜਾਣਕਾਰੀ ਲੈ ਸਕਦੇ ਹੋ।

**1800RESPECT**, ਜਿਨਸੀ ਹਮਲੇ ਅਤੇ ਪਰਿਵਾਰ ਤੇ ਘਰੇਲੂ ਹਿੰਸਾ ਸਬੰਧਤ, ਆਸਟ੍ਰੇਲੀਆ ਦੀ ਰਾਸ਼ਟਰੀ ਸਲਾਹਕਾਰੀ ਸੇਵਾ, ਹੈ। ਇਹ ਤੁਹਾਨੂੰ ਮੁਫਤ ਅਤੇ ਗੁਪਤ, ਟੈਲੀਫੋਨ ਅਤੇ ਆੱਨਲਾਈਨ, ਸਲਾਹ ਮਸ਼ਵਰਾ ਅਤੇ ਜਾਣਕਾਰੀ ਪ੍ਰਦਾਨ ਕਰਦੀ ਹੈ। ਸਲਾਹਕਾਰ ਤੁਹਾਨੂੰ ਸੁਣਦੇ ਹਨ, ਸਵਾਲਾਂ ਦੇ ਜਵਾਬ ਦਿੰਦੇ ਹਨ ਅਤੇ ਤੁਹਾਡੇ ਇਲਾਕੇ ਦੀਆਂ ਹੋਰ ਸਹਾਰਾ ਸੇਵਾਵਾਂ ਦੀ ਦੱਸ ਪਾਉਂਦੇ ਹਨ।

**1800 737 732** ਤੇ ਫੋਨ ਕਰੋ ਜਾਂ **www.1800RESPECT.org.au** ਤੇ, **1800RESPECT** ਦੀ ਵੈਬਸਾਈਟ ਤੇ ਜਾਉ।

ਜੇ ਤੁਹਾਨੂੰ ਜਾਂ ਕਿਸੇ ਜਾਣਕਾਰ ਨੂੰ ਇਸ ਕਾਰਵਾਈ ਲਈ ਵਿਦੇਸ਼ ਲਿਜਾਇਆ ਗਿਆ ਹੈ ਜਾਂ ਇਸ ਕਾਰਵਾਈ ਲਈ ਵਿਦੇਸ਼ ਲਿਜਾਏ ਜਾਣ ਦਾ ਖਤਰਾ ਜਾਪਦਾ ਹੈ ਤਾਂ ਚਵੀ ਘੰਟੇ (ਆਸਟ੍ਰੇਲੀਆ ਤੋਂ) **1300 555 135** ਤੇ, ਜਾਂ (ਵਿਦੇਸ਼ ਤੋਂ) **+61 2 6261 3304** ਤੇ ਕੌਂਸੁਲਰ ਐਮਰਜੰਸੀ ਸੈਂਟਰ (Consular Emergency Centre) ਨਾਲ ਗੱਲ ਕਰ ਸਕਦੇ ਹੋ। ਜਾਂ **dfat.gov.au** ਤੇ ਨੇੜੇ ਦੇ ਆਸਟ੍ਰੇਲੀਅਨ ਓਵਰਸੀਜ਼ ਮਿਸ਼ਨ ਨਾਲ ਸੰਪਰਕ ਕਰੋ।

## ਕੀ ਤੁਹਾਨੂੰ ਦੁਭਾਸ਼ੀਏ ਦੀ ਲੋੜ ਹੈ?

**131 450** 'ਤੇ **ਅਨੁਵਾਦ ਅਤੇ ਦੁਭਾਸ਼ੀਆ ਸੇਵਾ** (**Translating and Interpreting Service** (TIS)) ਨੂੰ ਫੋਨ ਕਰੋ। TIS ਦਾ ਇੱਕ ਦੁਭਾਸ਼ੀਆ ਤੁਹਾਨੂੰ ਲੋੜੀਂਦੀਆਂ ਸੇਵਾਵਾਂ ਨਾਲ ਗੱਲ ਕਰਾਉਣ ਵਿੱਚ ਮਦਦ ਕਰੇਗਾ ਪਰ TIS ਸਲਾਹ ਮਸ਼ਵਰਾ ਨਹੀਂ ਦਿੰਦੀ। ਸਾਰੀਆਂ ਕਾਲਾਂ ਮੁਫਤ ਤੇ ਗੁਪਤ ਹੁੰਦੀਆਂ ਹਨ।